AQA

# GCSE
# PANJABI

# H

Higher Tier Paper 1 Listening Test Transcript

Wednesday 12 June 2024 Afternoon Time allowed: 45 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

**0 1** **F2** ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਕੱਲ੍ਹ ਪੰਜਾਬ ਵਿੱਚ ਲੜਕੀਆਂ ਕਾਲਜ ਜਾਂ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਹੀਆਂ ਹਨ ਕਿਉਂਕਿ ਮੇਰੇ ਦਾਦੀ ਜੀ ਦੇ ਸਮੇਂ ਕੁੜੀਆਂ ਨੂੰ ਘਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਪਰ ਹੁਣ ਕੁੜੀਆਂ ਲਈ ਨੌਕਰੀ ਦੇ ਨਾਲ ਨਾਲ ਪਰਿਵਾਰ ਵੀ ਸੰਭਾਲਣਾ ਮੁਸ਼ਕਲ ਹੈ।

**0 2** **M1** ਅੱਜ ਕੱਲ੍ਹ ਪੰਜਾਬ ਵਿੱਚ ਜ਼ਿਆਦਾਤਰ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ ਕਿਉਂਕਿ ਬੱਚਿਆਂ ਨੂੰ ਸਾਰੇ ਵਿਸ਼ੇ ਅੰਗਰੇਜ਼ੀ ਵਿੱਚ ਪੜ੍ਹਾਏ ਜਾਂਦੇ ਹਨ ਪਰ ਖਰਚਾ ਇੰਨਾ ਹੈ ਕਿ ਘੱਟ ਕਮਾਈ ਕਰਨ ਵਾਲਾ ਵਿਅਕਤੀ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਭੇਜਣ ਬਾਰੇ ਸੋਚ ਵੀ ਨਹੀਂ ਸਕਦਾ।

**0 3** **F2** ਮੈਂ ਭਵਿੱਖ ਵਿੱਚ ਇੱਕ ਸਕੂਲ ਵਿੱਚ ਬੱਚਿਆਂ ਨਾਲ ਕੰਮ ਕਰਨਾ ਚਾਹਾਂਗੀ। ਮੇਰੀ ਸਹੇਲੀ ਗੁਰਕੀਰਤ ਨੂੰ ਨਵੇਂ ਡਿਜ਼ਾਈਨ ਦੇ ਕੱਪੜੇ ਸਿਉਂਣ ਦਾ ਸ਼ੌਕ ਹੈ। ਮੇਰੇ ਭਰਾ ਹਰਜੋਤ ਦੀ ਨਵੀਆਂ ਇਮਾਰਤਾਂ ਬਣਾਉਣ ਵਿੱਚ ਦਿਲਚਸਪੀ ਹੈ।

**0 4** **M2** ਜਦੋਂ ਮੈਂ ਵਪਾਰਕ ਟਰਿੱਪ ਲਈ ਜਾਂਦਾ ਹਾਂ ਤਾਂ ਕਈ ਵਾਰੀ ਹੋਟਲ ਦਾ ਨਾਸ਼ਤਾ ਸੁਆਦ ਨਹੀਂ ਹੁੰਦਾ। ਮੈਂ ਹੁਣ ਫਲਾਈਟ ਵਿੱਚ ਫਸਟ ਕਲਾਸ ਵਿੱਚ ਹੀ ਸਫਰ ਕਰਦਾ ਹਾਂ ਕਿਉਂਕਿ ਇਕੌਨਮੀ ਕਲਾਸ ਵਿੱਚ ਕੰਮ ਕਰਨ ਲਈ ਥਾਂ ਘੱਟ ਹੁੰਦੀ ਸੀ। ਅਗਲੇ ਸਾਲ ਅਸੀਂ ਸਾਰਾ ਪਰਿਵਾਰ ਗਰਮੀਆਂ ਵਿੱਚ ਅਮਰੀਕਾ ਜਾਵਾਂਗੇ ਪਰ ਇਸ ਟਰਿੱਪ ਲਈ ਖਰਚਾ ਬਹੁਤ ਹੋ ਜਾਵੇਗਾ।

**0 5** **F1** ਮੈਂ ਸੋਸ਼ਲ ਨੈੱਟਵਰਕ ਨੂੰ ਬਹੁਤ ਵਧੀਆ ਸਮਝਦੀ ਹਾਂ। ਇਸ ਦੀ ਵਰਤੋਂ ਨਾਲ ਮੇਰੇ ਪਿਤਾ ਜੀ ਆਪਣੇ ਨਾਲ ਸਕੂਲ ਵਿੱਚ ਪੜ੍ਹ ਚੁੱਕੇ ਪੁਰਾਣੇ ਦੋਸਤਾਂ ਨਾਲ ਦੁਬਾਰਾ ਜੁੜ ਸਕੇ ਹਨ ਅਤੇ ਹੁਣ ਅਕਸਰ ਉਹਨਾਂ ਨੂੰ ਮਿਲਦੇ ਰਹਿੰਦੇ ਹਨ। ਸੋਸ਼ਲ ਨੈੱਟਵਰਕ ਦੇ ਵਿੱਦਿਅਕ ਲਾਭ ਵੀ ਬਹੁਤ ਹਨ ਜਿਵੇਂ ਸਾਡੇ ਇਤਿਹਾਸ ਦਾ ਅਧਿਆਪਕ ਸਾਡਾ ਘਰ ਦਾ ਕੰਮ ਅਤੇ ਆਪਣੇ ਸੁਝਾਅ ਸਾਡੇ ਗੂਗਲ ਕਲਾਸਰੂਮ ਦੇ ਸਫੇ ਤੇ ਪਾ ਦਿੰਦਾ ਹੈ।

**0 6** **M2** ਅੱਜ ਕੱਲ੍ਹ ਦਿਲਪ੍ਰਚਾਵੇ ਦੇ ਸਾਧਨ ਕਾਫੀ ਵਧ ਗਏ ਹਨ ਇਸ ਕਰਕੇ ਟੈਲੀਵਿਜ਼ਨ ਤੇ ਪ੍ਰੋਗਰਾਮ ਦੇਖਣ ਦਾ ਰਿਵਾਜ਼ ਘਟਦਾ ਜਾ ਰਿਹਾ ਹੈ ਪਰ ਬਜ਼ੁਰਗ ਲੋਕ ਅਜੇ ਵੀ ਪ੍ਰੋਗਰਾਮ ਟੈਲੀਵਿਜ਼ਨ ਤੇ ਹੀ ਦੇਖਦੇ ਹਨ, ਬੱਚੇ ਹਰ ਵੇਲੇ ਪ੍ਰੋਗਰਾਮ ਦੇਖਣ ਲਈ ਮੋਬਾਇਲ ਫੋਨ ਤੇ ਲੱਗੇ ਰਹਿੰਦੇ ਹਨ ਜਿਸ ਕਰਕੇ ਟੈਲੀਵਿਜ਼ਨ ਦੇ ਮੁਕਾਬਲੇ ਸਮਾਰਟ ਫੋਨ ਅਤੇ ਟੈਬਲਟ ਜ਼ਿਆਦਾ ਵਿਕ ਰਹੇ ਹਨ। ਪੰਜਾਬ ਵਿੱਚ ਹਰ ਘਰ ਨੇ ਫਿਲਮਾਂ ਅਤੇ ਖੇਡਾਂ ਦੇਖਣ ਲਈ ਐਪ ਖਰੀਦੇ ਹੋਏ ਹਨ ਜੋ ਕਿ ਬਹੁਤ ਮਹਿੰਗੇ ਹਨ।

**0 7** **M1** ਪਾਰਕ ਵਿੱਚ ਕੁਦਰਤੀ ਵਾਤਾਵਰਣ ਵਿੱਚ ਸੈਰ ਤੇ ਜਾਣ ਵਾਲਿਆਂ ਨੂੰ ਚੇਤਾਵਨੀ ਹੈ ਕਿ ਪਾਰਕ ਵਿੱਚ ਸੈਰ ਕਰਨ ਵੇਲੇ ਮੋਬਾਇਲ ਫੋਨ ਨਾ ਵਰਤਿਆ ਜਾਵੇ ਕਿਉਂਕਿ ਇਸ ਨਾਲ ਪੰਛੀ ਡਰ ਜਾਂਦੇ ਹਨ।

**0 8** **M1** ਸੈਰ ਕਰਨ ਵਾਲਿਆਂ ਨੂੰ ਪਾਰਕ ਵਿੱਚ ਫੁੱਲ ਤੋੜਨ ਦੀ ਮਨਾਹੀ ਹੈ ਕਿਉਂਕਿ ਇਨ੍ਹਾਂ ਤੇ ਕਈ ਖਤਰਨਾਕ ਕੀੜੇ-ਮਕੌੜੇ ਹੁੰਦੇ ਹਨ ਜਿਨ੍ਹਾਂ ਤੋਂ ਤੁਹਾਨੂੰ ਖਤਰਾ ਹੋ ਸਕਦਾ ਹੈ।

**0 9** **M1** ਜੇਕਰ ਤੁਸੀਂ ਪਾਰਕ ਵਿੱਚ ਖਾਣਾ ਖਾਂਦੇ ਹੋ ਤਾਂ ਬਾਅਦ ਵਿੱਚ ਕੂੜਾ ਕਰਕਟ ਜ਼ਮੀਨ ਤੇ ਨਾ ਖਿਲਾਰੋ ਅਤੇ ਪਾਰਕ ਵਿੱਚ ਅੱਗ ਜਲਾਉਣ ਦੀ ਵੀ ਮਨਾਹੀ ਹੈ।

**1 0** **M2** ਕੁਝ ਦਿਨ ਪਹਿਲਾਂ ਮੈਂ ਡਾਕਟਰ ਦੇ ਗਿਆ ਸੀ ਕਿਉਂਕਿ ਮੈਨੂੰ ਸਾਹ ਲੈਣ ਵਿੱਚ ਤਕਲੀਫ ਹੁੰਦੀ ਹੈ ਭਾਵੇਂ ਮੈਂ ਕਦੇ ਵੀ ਸਿਗਰਟ ਨਹੀਂ ਪੀਤੀ।

**1 1** **M2** ਡਾਕਟਰ ਨੇ ਮੈਨੂੰ ਹੋਰ ਫੁਰਤੀਲਾ ਜੀਵਨ ਢੰਗ ਅਪਨਾਉਣ ਲਈ ਸਲਾਹ ਦਿੱਤੀ ਹੈ ਇਸ ਨਾਲ ਫੇਫੜੇ ਵਧੀਆ ਕੰਮ ਕਰਨਗੇ ਅਤੇ ਸਾਹ ਲੈਣ ਵਿੱਚ ਆਸਾਨੀ ਹੋਵੇਗੀ।

**1 2** **M2** ਮੈਂ ਫੈਸਲਾ ਕੀਤਾ ਹੈ ਕਿ ਮੈਂ ਹਰ ਰੋਜ਼ ਸਵੇਰ ਨੂੰ ਪਾਰਕ ਵਿੱਚ ਸੈਰ ਕਰਨ ਜਾਵਾਂਗਾ। ਮੈਂ ਉਮੀਦ ਕਰਦਾ ਹਾਂ ਸਵੇਰ ਦੀ ਤਾਜ਼ੀ ਹਵਾ ਵਿੱਚ ਸਾਹ ਲੈਣ ਨਾਲ ਫੇਫੜਿਆਂ ਵਿੱਚ ਸੁਧਾਰ ਆਵੇਗਾ ਅਤੇ ਸਾਹ ਲੈਣ ਵੇਲੇ ਤਕਲੀਫ ਘੱਟ ਜਾਵੇਗੀ।

**1 3** **M1** ਮੇਰੇ ਦੋਸਤ ਬਲਜੋਤ ਦਾ ਸੁਭਾਅ ਬਹੁਤ ਮਖੌਲੀਆ ਹੈ ਤੇ ਉਸ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਹੈ। ਉਹ ਹਮੇਸ਼ਾ ਆਪਣੇ ਸਾਰੇ ਦੋਸਤਾਂ ਨੂੰ ਲਾਭਦਾਇਕ ਸਲਾਹ ਦਿੰਦਾ ਹੈ।

**1 4** **F1** ਮੇਰੀ ਸਹੇਲੀ ਅੰਮ੍ਰਿਤ ਬਹੁਤ ਇਮਾਨਦਾਰ ਅਤੇ ਵਫਾਦਾਰ ਹੈ ਮੈਨੂੰ ਉਸਦੇ ਇਹ ਗੁਣ ਬਹੁਤ ਚੰਗੇ ਲਗਦੇ ਹਨ ਪਰ ਉਸ ਵਿੱਚ ਈਰਖਾ ਦੀ ਭਾਵਨਾ ਬਹੁਤ ਹੈ।

**1 5** **F2** ਨੀਲਮ ਦੇ ਮਾਤਾ ਜੀ ਬਹੁਤ ਨਿਰ-ਸਵਾਰਥ ਸੁਭਾਅ ਦੇ ਹਨ ਉਹ ਹਮੇਸ਼ਾ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ ਅਤੇ ਆਪਣੇ ਬਾਰੇ ਕਦੀ ਨਹੀਂ ਸੋਚਦੇ।

**1 6** **M2** ਪ੍ਰੀਤਮ ਦੇ ਪਿਤਾ ਜੀ ਬਹੁਤ ਹੀ ਸਖਤ ਸੁਭਾਅ ਦੇ ਹਨ ਉਹ ਉਸ ਨੂੰ ਹਮੇਸ਼ਾ ਛੋਟੀਆਂ ਛੋਟੀਆਂ ਗੱਲਾਂ ਤੇ ਝਿੜਕਦੇ ਰਹਿੰਦੇ ਹਨ ਅਤੇ ਉਸ ਨੂੰ ਆਪਣੇ ਦੋਸਤਾਂ ਨਾਲ ਬਾਹਰ ਜਾਣ ਤੋਂ ਵੀ ਮਨ੍ਹਾਂ ਕਰ ਦਿੰਦੇ ਹਨ।

**1 7** **M1** ਯੂਨੀਵਰਸਿਟੀ ਵਿੱਚ ਮਾਹਿਰਾਂ ਦੁਆਰਾ ਕੀਤੀ ਗਈ ਇੱਕ ਖੋਜ ਦੇ ਨਤੀਜਿਆਂ ਵਿੱਚ ਸੰਗੀਤ ਸੁਣਦੇ ਹੋਏ ਕੰਮ ਕਰਨ ਵਾਲੇ ਲੋਕਾਂ ਦੇ ਕੰਮ ਦੀ ਤੁਲਨਾ ਚੁੱਪ ਚਾਪ ਕੰਮ ਕਰਨ ਵਾਲਿਆਂ ਨਾਲ ਕੀਤੀ ਗਈ ਹੈ। ਇਸ ਖੋਜ ਦੇ ਨਤੀਜਿਆਂ ਅਨੁਸਾਰ, ਕੰਮ ਕਰਦੇ ਹੋਏ ਸੰਗੀਤ ਸੁਣਨ ਵਾਲਿਆਂ ਦੇ ਕੰਮ ਦਾ ਮਿਆਰ ਅਤੇ ਕੰਮ ਕਰਨ ਦੀ ਚਾਲ, ਕੰਮ ਕਰਦੇ ਹੋਏ ਸੰਗੀਤ ਨਾ ਸੁਣਨ ਵਾਲਿਆਂ ਦੇ ਮੁਕਾਬਲੇ ਵਧੀਆ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਖੋਜੀਆਂ ਨੇ ਕਰਮਚਾਰੀਆਂ ਦੀ ਭਲਾਈ ਲਈ ਸੰਗੀਤ ਦਾ ਆਨੰਦ ਮਾਨਣ ਅਤੇ ਸਾਜ਼ ਵਜਾਉਣੇ ਸਿੱਖਣ ਦੀ ਸਲਾਹ ਦਿੱਤੀ ਹੈ।

**1 8** **M2** ਖੇਡ ਕਿਰਿਆਵਾਂ ਨੌਜਵਾਨਾਂ ਨੂੰ ਲਗਾਤਾਰ ਆਪਣੇ ਆਪ ਵਿੱਚ ਸੁਧਾਰ ਕਰਨ ਲਈ ਪ੍ਰੇਰਿਤ ਕਰਦੀਆਂ ਹਨ ਪਰ ਬਦਕਿਸਮਤੀ ਨਾਲ ਬਹੁਤ ਸਾਰੇ ਮਾਪੇ ਮੈਚਾਂ ਦੌਰਾਨ ਟੀਮ ਦੇ ਦੂਜੇ ਖਿਡਾਰੀਆਂ ਬਾਰੇ ਗਲਤ ਟਿੱਪਣੀਆਂ ਕਰਦੇ ਹਨ।

**Turn over ▶**

**1 9** **M2** ਮੈ ਆਪਣੀ ਕੰਪਨੀ ਵਿੱਚ ਇੱਕ ਅਜਿਹੇ ਨੌਜਵਾਨ ਨੂੰ 6 ਮਹੀਨਿਆਂ ਦੀ ਅਪਰੈਂਟਸਸ਼ਿਪ ਦੇਣਾ ਚਾਹੁੰਦਾ ਹਾਂ ਜੋ ਮਿਹਨਤੀ ਤਾਂ ਹੋਵੇ ਪਰ ਯੂਨੀਵਰਸਿਟੀ ਜਾਣ ਦੀ ਬਜਾਏ ਕੋਈ ਕੰਮ ਸਿੱਖ ਕੇ ਤਜਰਬਾ ਲੈਣਾ ਚਾਹੁੰਦਾ ਹੋਵੇ।

**M1** ਸਾਡੀ ਕੰਪਨੀ ਵਿੱਚ ਕੰਮ ਕਰਨ ਨਾਲ ਤੁਸੀਂ ਇਹ ਆਪਣੇ ਸੀ ਵੀ ਵਿੱਚ ਸ਼ਾਮਲ ਕਰ ਸਕਦੇ ਹੋ ਅਤੇ ਤੁਹਾਨੂੰ ਸਾਡੇ ਕੋਲੋਂ ਵਧੀਆ ਕੰਮ ਕਰਨ ਦੇ ਸਬੂਤ ਦੀ ਚਿੱਠੀ ਮਿਲੇਗੀ ਜਿਸ ਨਾਲ ਤੁਸੀਂ ਪੱਕੀ ਨੌਕਰੀ ਆਸਾਨੀ ਨਾਲ ਲੱਭ ਸਕੋਗੇ।

**F2** ਸਾਡੀ ਕੰਪਨੀ ਵਿੱਚ ਕੰਮ ਕਰਕੇ ਤੁਹਾਨੂੰ ਤਨਖਾਹ ਵੀ ਮਿਲੇਗੀ ਜਿਸ ਨਾਲ ਸ਼ਾਇਦ ਤੁਹਾਡੀ ਆਪਣਾ ਕਾਰੋਬਾਰ ਸਥਾਪਤ ਕਰਨ ਵਿੱਚ ਮਦਦ ਹੋ ਸਕੇਗੀ।

**2 0** **F2** ਮੇਰੇ ਲਈ ਇੱਕ ਆਦਰਸ਼ ਸਹੇਲੀ ਉਹ ਨਹੀਂ ਜਿਸ ਨਾਲ ਮੈਂ ਸਿਰਫ ਆਪਣੇ ਮਨਪਸੰਦ ਮਨੋਰੰਜਕ ਪ੍ਰੋਗਰਾਮ ਸਾਂਝੇ ਕਰ ਸਕਾਂ ਪਰ ਉਸ ਦੀਆਂ ਆਦਤਾਂ ਮੇਰੇ ਨਾਲ ਜ਼ਰੂਰ ਮਿਲਦੀਆਂ ਹੋਣ।

**2 1** **M1** ਮੇਰੇ ਵਿਚਾਰ ਵਿੱਚ ਇੱਕ ਆਦਰਸ਼ ਦੋਸਤ ਮਿਲਣਸਾਰ ਭਾਵੇਂ ਨਾ ਵੀ ਹੋਵੇ ਪਰ ਉਹ ਖੁੱਲ੍ਹੇ ਵਿਚਾਰਾਂ ਦਾ ਜ਼ਰੂਰ ਹੋਣਾ ਚਾਹੀਦਾ ਹੈ।

**2 2** **F1** ਮੇਰੀ ਰਾਏ ਵਿੱਚ ਮੈਂ ਇੱਕ ਆਦਰਸ਼ ਸਹੇਲੀ ਨਾਲ ਸੁਪਨੇ ਸਾਂਝੇ ਭਾਵੇਂ ਨਾ ਵੀ ਕਰ ਸਕਾਂ ਪਰ ਉਸ ਵਿੱਚ ਦਿਲਚਸਪ ਗੱਲਬਾਤ ਕਰਨ ਦਾ ਗੁਣ ਜ਼ਰੂਰ ਹੋਵੇ।

**2 3** **F2** ਸਿਹਤ ਸਿੱਖਿਆ ਮਹਿਕਮੇ ਵਲੋਂ ਜਨਤਕ ਥਾਂਵਾਂ ਤੇ ਸਿਗਰਟ ਪੀਣ ਤੇ ਪਾਬੰਦੀ ਲਾਉਣ ਨਾਲ ਹੁਣ ਜਦੋਂ ਬਾਹਰੋਂ ਘਰ ਆਉਂਦੇ ਹਾਂ ਤਾਂ ਸਿਗਰਟਾਂ ਦਾ ਮੁਸ਼ਕ ਨਹੀਂ ਆਉਂਦਾ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਸਿਗਰਟ ਪੀਣੀ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਹੁਣ ਤੰਬਾਕੂਨੋਸ਼ੀ ਨਾ ਕਰਨ ਵਾਲਿਆਂ ਨੂੰ ਇਸ ਦਾ ਲਾਭ ਹੋਵੇਗਾ ਕਿਉਂਕਿ ਉਨ੍ਹਾਂ ਦੇ ਫੇਫੜੇ ਤੰਬਾਕੂ ਨਾਲ ਪ੍ਰਭਾਵਿਤ ਨਹੀਂ ਹੋਣਗੇ।

## Section B

Questions and answers in **Panjabi**.

**24**

**F1** ਕਿਮਰਨ, ਕੀ ਤੁਸੀਂ ਅਜੇ ਵੀ ਅਨਾਥ ਆਸ਼ਰਮ ਵਿੱਚ ਕੰਮ ਕਰਦੇ ਹੋ ?

**F2** ਨਹੀਂ, ਆਸ਼ਰਮ ਤਾਂ ਬੰਦ ਹੋ ਗਿਆ ਹੈ। ਮੈਂ ਹੁਣ ਜਿਹੜੇ ਲੋਕ ਇੰਗਲੈਂਡ ਆ ਕੇ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨਾ ਚਾਹੁੰਦੇ ਹਨ। ਉਹਨਾਂ ਨਾਲ ਕੰਮ ਕਰਦੀ ਹਾਂ। ਰਮਨ, ਕੀ ਤੁਸੀਂ ਵੀ ਕੋਈ ਸਮਾਜ ਸੇਵਾ ਕਰਦੇ ਹੋ ?

**F1** ਹਾਂ, ਮੈਂ ਰਿਟਾਇਰਡ ਲੋਕਾਂ ਦੇ ਇੱਕ ਘਰ ਵਿੱਚ ਸੇਵਾ ਕਰਦੀ ਹਾਂ। ਮੈਂ ਵੱਡੀ ਉਮਰ ਦੇ ਲੋਕਾਂ ਤੋਂ ਉਨ੍ਹਾਂ ਦੀ ਜ਼ਿੰਦਗੀ ਦੇ ਤਜਰਬਿਆਂ ਬਾਰੇ ਸੁਣਕੇ ਬਹੁਤ ਕੁਝ ਸਿੱਖਦੀ ਹਾਂ।

**25**

**M1** ਅਮਰ, ਤੁਹਾਡੇ ਯੂਨੀਵਰਸਿਟੀ ਜਾਣ ਬਾਰੇ ਕੀ ਖਿਆਲ ਹਨ ?

**M2** ਮੇਰੇ ਵਿਚਾਰ ਵਿੱਚ ਯੂਨੀਵਰਸਿਟੀ ਜਾਣ ਦਾ ਮੰਤਵ ਅੱਗੇ ਪੜ੍ਹਾਈ ਕਰਕੇ ਚੰਗੇ ਪੈਸੇ ਕਮਾਉਣਾ ਨਹੀਂ ਸਗੋਂ ਨੌਕਰੀ ਵਿੱਚ ਅੱਗੇ ਵਧਣ ਦੇ ਮੌਕੇ ਪ੍ਰਾਪਤ ਕਰਨਾ ਹੈ। ਸਤਪਾਲ, ਯੂਨੀਵਰਸਿਟੀ ਜਾਣ ਬਾਰੇ ਤੁਹਾਡੀ ਕੀ ਰਾਏ ਹੈ ?

**M1** ਯੂਨੀਵਰਸਿਟੀ ਜਾ ਕੇ ਪੜ੍ਹਾਈ ਕਰਨ ਲਈ ਰਹਿਣ ਅਤੇ ਖਾਣ ਪੀਣ ਤੇ ਬਹੁਤ ਖਰਚ ਹੁੰਦਾ ਹੈ ਇਹ ਹਰੇਕ ਵਿਦਿਆਰਥੀ ਲਈ ਇੰਨਾ ਸੌਖਾ ਨਹੀਂ ਹੈ।

**26**

**M1** ਗਿੰਨੀ ਤੁਹਾਡਾ ਸਕੂਲ ਟਰਿੱਪ ਕਿਵੇਂ ਰਿਹਾ ?

**F2** ਸਕੂਲ ਟਰਿੱਪ ਲਈ ਅਸੀਂ ਪੰਜਾਬ ਗਏ ਸੀ। ਮੈਨੂੰ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਇਤਿਹਾਸਕ ਅਤੇ ਪ੍ਰਾਚੀਨ ਕਢਾਈ ਵਾਲੀਆਂ ਚੀਜ਼ਾਂ ਪਸੰਦ ਆਈਆਂ ਅਤੇ ਮੈਂ ਇੱਕ ਸ਼ਾਲ ਖਰੀਦਿਆ। ਉੱਥੇ ਲੋਕ ਬਹੁਤ ਮਿਲਣਸਾਰ ਸਨ ਪਰ ਰਹਿਣ ਵਾਲੀ ਜਗ੍ਹਾ ਤੋਂ ਮੈਂ ਬਹੁਤ ਨਿਰਾਸ਼ ਹੋਈ ਕਿਉਂਕਿ ਪ੍ਰਦੂਸ਼ਣ ਬਹੁਤ ਹੋਣ ਕਰਕੇ ਸਿਹਤ ਲਈ ਚੰਗਾ ਨਹੀਂ ਸੀ।

**27**

**M2** ਇਸ ਸਾਲ ਸਾਡੇ ਸ਼ਹਿਰ ਦਾ ਸਥਾਨਕ ਕਾਲਜ ਵੀਡੀਓ ਖੇਡਾਂ ਦਾ ਇੱਕ ਡਿਗਰੀ ਕੋਰਸ ਸ਼ੁਰੂ ਕਰ ਰਿਹਾ ਹੈ। ਇਹ ਕੋਰਸ ਉਹਨਾਂ ਵਿਦਿਆਰਥੀਆਂ ਦਾ ਸੁਪਨਾ ਪੂਰਾ ਕਰੇਗਾ ਜੋ ਆਪਣੇ ਮਨਪਸੰਦ ਮਨੋਰੰਜਨ ਬਾਰੇ ਪੜ੍ਹਾਈ ਕਰਨਾ ਚਾਹੁੰਦੇ ਹਨ। ਇਹ ਕੋਰਸ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਕੰਮ ਲੱਭਣ ਦੇ ਸ਼ਾਨਦਾਰ ਮੌਕੇ ਪ੍ਰਦਾਨ ਕਰੇਗਾ। ਇਸ ਕੋਰਸ ਦੌਰਾਨ ਵਿਦਿਆਰਥੀ ਵੀਡੀਓ ਖੇਡਾਂ ਦੀ ਪ੍ਰੋਗਰਾਮਿੰਗ ਬਾਰੇ ਸਿੱਖਣਗੇ ਅਤੇ ਇਸ ਕੋਰਸ ਵਿੱਚ ਹੱਥੀਂ ਕੰਮ ਕਰਨ ਦੇ ਤਜਰਬੇ ਲਈ ਯੋਜਨਾ ਵੀ ਸ਼ਾਮਲ ਹੈ।

**END OF TEST**

**There are no texts printed on this page**

**There are no texts printed on this page**

**There are no texts printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2024 AQA and its licensors. All rights reserved.